# **ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ**

ਵੱਲੋ :

ਮੁੱਖ ਨਗਰ ਯੋਜਨਾਕਾਰ,

ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

1. ਸੀਨੀਅਰ ਨਗਰ ਯੋਜਨਾਕਾਰ, ਪਟਿਆਲਾ/ਲੁਧਿਆਣਾ/ਅੰਮ੍ਰਿਤਸਰ/ਜਲੰਧਰ/ਐਸ.ਏ. ਐਸ.ਨਗਰ।
2. ਜਿਲਾ ਨਗਰ ਯੋਜਾਨਾਕਾਰ, ਪਟਿਆਲਾ/ਬਠਿੰਡਾ/ਸੰਗਰੂਰ/ਲੁਧਿਆਣਾ/ਫਰੀਦਕੋਟ/ ਫਿਰੋਜਪੁਰ/ਅੰਮ੍ਰਿਤਰਸਰ/ਗੁਰਦਾਸਪੁਰ/ਜਲੰਧਰ/ਹੁਸ਼ਿਆਰਪੁਰ/ਐਸ.ਏ.ਐਸ.ਨਗਰ/ਫਤਿਹਗੜ੍ਹ ਸਾਹਿਬ/ਮੰਡੀ ਡਵੀਜ਼ਨ, ਪੰਜਾਬ ਚੰਡੀਗੜ੍ਹ।
3. ਡਿਪਟੀ ਜਿਲਾ ਨਗਰ ਯੋਜਨਾਕਾਰ, ਕਪੂਰਥਲਾ/ਰੋਪੜ।

ਯਾਦ ਪੱਤਰ ਨੰ: 4906-25 ਸੀਟੀਪੀ(ਪਬ)/SP-25 ਮਿਤੀ: 30-5-08

**ਵਿਸ਼ਾ:** **ਹਿੰਦੋਸਤਾਨ ਪਟਰੋਲੀਅਮ ਕਾਰਪੋਰੇਸ਼ਨ ਲਿਮ: ਦੇ ਹਮਾਰਾ ਪੰਪ ਨੂੰ ਕਿਸਾਨ ਸੇਵਾ ਕੇਦਰ ਦੇ ਬਰਾਬਰ ਮੰਨਣ ਬਾਰੇ**

**ਹਵਾਲਾ:** **ਇਸ ਦਫਤਰ ਦਾ ਯਾਦ ਪੱਤਰ ਨੰ: 3945-62 ਸੀਟੀਪੀ(ਪਬ)/ਐਸਪੀ-25 ਮਿਤੀ 31-8-07**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਇੰਡੀਅਨ ਆਇਲ ਕਾਰਪੋਰੇਸ਼ਨ ਵੱਲੋਂ ਪੈਂਡੂ ਖੇਤਰਾਂ ਵਿੱਚ ਡੀਜ਼ਲ ਪੰਪ ਅਤੇ ਖੇਤੀਬਾੜੀ ਨਾਲ ਸਬੰਧਤ ਹੋਰ ਸਹੂਲਤਾਂ ਉਪਲੱਬਧ ਕਰਵਾਉਣ ਲਈ ਕਿਸਾਨ ਸੇਵਾ ਕੇਂਦਰ ਸਕੀਮ ਚਾਲੂ ਕੀਤੀ ਗਈ ਸੀ, ਜਿਸ ਨੂੰ ਡੀਲ ਕਰਨ ਸਬੰਧੀ ਪਾਲਿਸੀ ਸਰਕਾਰ ਦੀ ਪ੍ਰਵਾਨਗੀ ਉਪਰੰਤ ਹਵਾਲੇ ਅਧੀਨ ਪੱਤਰ ਰਾਹੀਂ ਸਰਕੂਲੇਟ ਕੀਤੀ ਗਈ ਸੀ। ਹੁਣ ਹਿੰਦੋਸਤਾਨ ਪਟਰੋਲੀਅਮ ਕਾਰਪੋਰੇਸ਼ਨ ਲਿਮ: ਵੱਲੋਂ ਹਮਾਰਾ ਪੰਪ ਦੇ ਨਾਂ ਹੇਠ ਕਿਸਾਨ ਸੇਵਾ ਕੇਂਦਰ ਦੀ ਤਰਾਂ ਪੇਂਡੂ ਖੇਤਰਾਂ ਵਿੱਚ ਪੰਪ ਲਗਾਏ ਜਾਣ ਦੀ ਸਕੀਮ ਚਾਲੂ ਕੀਤੀ ਗਈ ਹੈ, ਜਿਸ ਨੂੰ ਕਿਸਾਨ ਸੇਵਾ ਕੇਂਦਰ ਦੇ ਬਰਾਬਰ ਮੰਨਣ ਬਾਰੇ ਸਰਕਾਰ ਵਲੋਂ ਪ੍ਰਵਾਨਗੀ ਦਿੱਤੀ ਗਈ ਹੈ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਕੀਮ ਅਧੀਨ ਪ੍ਰਾਪਤ ਹੋਣ ਵਾਲੇ ਕੇਸਾਂ ਨੂੰ ਕਿਸਾਨ ਸੇਵਾ ਕੇਂਦਰ ਦੇ ਸਬੰਧ ਵਿੱਚ ਜਾਰੀ ਗਾਈਡਲਾਈਨਾਂ ਅਨੁਸਾਰ ਵਾਚਣ ਦੀ ਖੇਚਲ ਕੀਤੀ ਜਾਵੇ।

ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ।